# ਡਾਇਰੈਕਟਰ , ਸਿੱਖਿਆ ਭਰਤੀ ਡਾਇਰੈਕਟੋਰੇਟ , ਪੰਜਾਬ

**ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ(ਮਾਈਕਰੋਸਾਫਟ ਬਿਲਡਿੰਗ),**

**ਫੇਸ -3ਬੀ-1, ਐਸ .ਏ. ਐਸ ਨਗਰ।**

Website: www.educationrecruitmentboard.com

ਮੀਮੋ ਨੰ : 05/01-2020 ਭਡ(1)/ 202121476 ਮਿਤੀ : 19-01-2021

## ਪਬਲਿਕ ਨੋਟਿਸ

ਸਿੱਖਿਆ ਭਰਤੀ, ਡਾਇਰੈਕਟੋਰੇਟ ਪੰਜਾਬ ਵਲੋ ਮਿਤੀ 6-3-2020 ਨੂੰ 2364 ਈ ਟੀ ਟੀ ਅਧਿਆਪਕਾਂ ਦੀਆਂ ਪੋਸਟਾਂ ਭਰਨ ਸਬੰਧੀ ਵਿਗਿਆਪਨ ਦਿੱਤਾ ਗਿਆ ਸੀ, ਵਿਗਿਆਪਨ ਦੀ ਸ਼ਰਤਾਂ ਅਨੁਸਾਰ ਇਹਨਾਂ ਅਸਾਮੀਆਂ ਦਾ ਮਿਤੀ 29.11.2020 ਨੂੰ ਵਿਭਾਗੀ ਟੈਸਟ ਲੈਣ ਉਪਰੰਤ ਵਿਭਾਗ ਵੱਲੋਂ ਆਰਜ਼ੀ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਸੀ। ਉਮੀਦਵਾਰਾਂ ਵੱਲੋਂ ਟੈਸਟ ਵਿੱਚੋਂ ਪ੍ਰਾਪਤ ਅੰਕ, ਉਚੇਰੀ ਯੋਗਤਾ ਦੇ ਬਣਦੇ ਅੰਕ ਅਤੇ ਸਿੱਖਿਆ ਪ੍ਰੋਵਾਈਡਰ/ਐਜੂਕੇਸ਼ਨ ਪ੍ਰੋਵਾਈਡਰ/ਐਜੂਕੇਸ਼ਨ ਵਲੰਟੀਅਰ, ਈ.ਜੀ.ਐਸ ਵਲੰਟੀਅਰ, ਏ.ਆਈ.ਈ. ਵਲੰਟੀਅਰਜ ਓਤੇ ਸਪੈਸ਼ਲ ਟ੍ਰੇਨਿੰਗ ਰਿਸੋਰਸ (STR) ਵਲੰਟੀਅਰਜ ਵੱਲੋਂ ਤਜਰਬੇ ਦੇ ਬਣਦੇ ਅੰਕ ਜੋੜ ਕੇ ਪ੍ਰੋਵੀਜਨਲ ਮੈਰਿਟ ਸੂਚੀ ਅਨੁਸਾਰ ਇਸ ਦਫਤਰ ਵੱਲੋਂ ਵੱਖ-ਵੱਖ ਮਿਤੀਆਂ ਨੂੰ ਉਮੀਦਵਾਰਾਂ ਦੀ ਸਕਰੂਟਨੀ ਲਈ ਬੁਲਾਇਆ ਗਿਆ ਸੀ। ਇਨ੍ਹਾਂ ਪਬਲਿਕ ਨੋਟਿਸਾਂ ਦੀ ਲਗਾਤਾਰਤਾ ਵਿੱਚ ਉਕਤ ਭਰਤੀ ਨਾਲ ਸਬੰਧਤ ਓਪਨ, ਅਨੁਸੂਚਿਤ ਜਾਤੀ (ਆਰ ਤੇ ਓ), ਪੱਛੜੀ ਸ਼੍ਰੇਣੀ ਅਤੇ ਅੰਗਹੀਣ (ਆਰਥੋ) ਦੇ ਅਗਲੇ ਹਾਇਰ ਮੈਰਿਟ ਵਾਲੇ (ਨਾਲ ਨੱਥੀ ਲਿਸਟ ਅਨੁਸਾਰ) ਅਤੇ ਵਿਮੁਕਤ ਜਾਤੀ ਨਾਲ ਸਬੰਧਤ ਉਮੀਦਵਾਰਾਂ ਨੂੰ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ (ਮਾਈਕ੍ਰੋਸਾਫਟ ਬਿਲਡਿੰਗ) ਫੇਜ਼ 3-ਬੀ-1 ਸਾਹਿਬਜਾਦਾ ਅਜੀਤ ਸਿੰਘ ਨਗਰ, ਮੋਹਾਲੀ ਵਿਖੇ ਮਿਤੀ 22.01.2021, 25.01.2021 ਅਤੇ 27.01.2021 ਨੂੰ ਸੱਦਾ ਦਿੱਤਾ ਜਾਂਦਾ ਹੈ। ਸਕਰੂਟਨੀ ਲਈ ਬੁਲਾਏ ਜਾਣ ਵਾਲੇ ਉਮੀਦਵਾਰਾਂ ਦੀ ਲਿਸਟ ਸਕਰੂਟਨੀ ਦੀ ਮਿਤੀ ਸਮੇਤ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਅਪਲੋਡ ਕਰ ਦਿੱਤੀ ਗਈ ਹੈ।

**ਨੋਟ: ਵਿਮੁਕਤ ਜਾਤੀ ਨਾਲ ਸਬੰਧਤ ਉਹ ਉਮੀਦਵਾਰ ਹੀ ਸਕਰੂਟਨੀ ਲਈ ਆਉਣ ਜਿਨ੍ਹਾਂ ਦੀ ਕੁੱਲ ਮੈਰਿਟ ਦੇ ਅੰਕ 60 ਜਾਂ 60 ਤੋਂ ਜਿਆਦਾ ਬਣਦੇ ਹੋਣ।**

| ਲੜੀ ਨੰ: | ਕੈਟਾਗਰੀ | ਸਕਰੂਟਨੀ ਦੀ ਮਿਤੀ |
|---|---|---|
| 1 | ਓਪਨ | 22.01.2021 (ਸਵੇਰੇ 9:30 ਵਜੇ) |
| 2 | ਅੰਗਹੀਣ (ਆਰਥੋ) | 22.01.2021 (ਸਵੇਰੇ 9:30 ਵਜੇ) |
| 3 | ਅਨੁਸੂਚਿਤ ਜਾਤੀ (ਆਰ ਤੇ ਓ) | 25.01.2021 (ਸਵੇਰੇ 9:30 ਵਜੇ) |
| 4 | ਪੱਛੜੀ ਸ਼੍ਰੇਣੀ | 25.01.2021 (ਸਵੇਰੇ 9:30 ਵਜੇ) |
| 5 | ਵਿਮੁਕਤ ਜਾਤੀ | 27.01.2021 (ਸਵੇਰੇ 9:30 ਵਜੇ) |

ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ